## ਪੰਜਾਬ ਵਿਧਾਨ ਸਭਾ ਸਕੱਤਰੇਤ

### ਵੀਰਵਾਰ, ਮਿਤੀ 27 ਫਰਵਰੀ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ

**ਪੱਟੀ ਦੇ ਸਰਹਾਲੀ ਕਸਬੇ ਵਿਚ ਪੈਂਦੀ ਆਈ.ਟੀ.ਆਈ. ਵਿਖੇ ਖੇਡ ਸਟੇਡੀਅਮ ਬਣਾਉਣਾ**

*2391. ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.: – ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੱਟੀ ਹਲਕੇ ਦੇ ਸਰਹਾਲੀ ਕਸਬੇ ਵਿੱਚ ਪੈਂਦੀ ITI ਵਿਖੇ ਖੇਡ ਮੰਤਰੀ ਨੇ ਖੇਲੋ ਇੰਡੀਆ ਤਹਿਤ ਸਟੇਡੀਅਮ ਬਣਾਉਣ ਦਾ ਐਲਾਨ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਅਮਲੀ ਜਾਮਾ ਪਹਿਨਾਇਆ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਤਕਨੀਕੀ ਸਿੱਖਿਆ ਮੰਤਰੀ ਜੀ ਵਲੋਂ ਸਦਨ ਵਿੱਚ ITI ਸਰਹਾਲੀ ਵਿਚਲੀ 10 ਏਕੜ ਜਗ੍ਹਾਂ ਸਟੇਡੀਅਮ ਬਨਾਉਣ ਵਾਸਤੇ ਦੇਣ ਲਈ ਦਿੱਤੇ ਭਰੋਸੇ ਦੇ ਬਾਵਜੂਦ ਹਾਲੇ ਤੱਕ ਕੋਈ ਕਦਮ ਨਹੀਂ ਚੁੱਕਿਆ ਗਿਆ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

ੲ) ਕੀ ਇਸ ਲਈ ਕੋਈ ਸਮਾਂ ਨਿਰਧਾਰਤ ਕੀਤਾ ਜਾ ਸਕਦਾ ਹੈ?

**ਘਨੌਰ ਵਿਖੇ ਆਈ.ਟੀ.ਆਈ. ਖੋਲ੍ਹਣ ਲਈ ਫੰਡਜ਼ ਮੁਹੱਈਆ ਕਰਵਾਉਣਾ**

*2525. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘਨੌਰ ਵਿਖੇ ਆਈ.ਟੀ.ਆਈ ਖੋਲ੍ਹਣ ਲਈ ਸਾਲ 2020-21 ਦੌਰਾਨ ਫੰਡਜ ਦਾ ਪ੍ਰਬੰਧ ਕਰਨ ਦਾ ਵਿਚਾਰ ਰੱਖਦੀ ਹੈ?

**2018-19 ਵਿਚ ਰਜਿਸਟਰਡ ਇਲੈਕਟ੍ਰਿਕ ਗੱਡੀਆਂ ਦੀ ਗਿਣਤੀ/ਵਿਕਰੀ**

*2444. ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.: – ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2018-2019 ਵਿੱਚ ਰਾਜ ਵਿੱਚ ਰਜਿਸਟਰਡ ਕੀਤੀਆਂ ਗਈਆਂ ਇਲੈਕਟਰਿਕ ਗੱਡੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਕੀ ਵਿਭਾਗ ਨੇ ਈ.ਵੀ. (ਇਲੈਕਟਰਿਕ ਗੱਡੀਆਂ) ਦੀ ਵਿਕਰੀ ਨੂੰ ਉਤਸ਼ਾਹਿਤ ਕਰਨ ਲਈ ਕੋਈ ਪਾਲਿਸੀ ਤਿਆਰ ਕੀਤੀ ਹੈ;

ੲ) ਕੀ ਇਲੈਕਟਰਿਕ ਗੱਡੀਆਂ ਦੇ ਨਿਰਮਾਣ/ਵਿਕਰੀ ਅਤੇ ਖਰੀਦ ਲਈ ਰਾਜ ਵਿੱਚ ਕੋਈ ਸਬਸਿਡੀ ਮੁਹੱਈਆ ਕਰਵਾਈ ਗਈ ਹੈ?

**ਨਹਿਰੀ ਪਾਣੀ ਸਿੰਚਾਈ ਲਈ ਖੇਤਾਂ ਤੱਕ ਪਹੁੰਚਾਉਣਾ**

*2586. ਸ਼੍ਰੀ ਦਲਵੀਰ ਸਿੰਘ ਗੋਲਡੀ, ਐਮ.ਐਲ.ਏ.:- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਕੀ ਵਿਧਾਨ ਸਭਾ ਹਲਕਾ ਧੂਰੀ ਵਿੱਚੋਂ ਕੋਟਲਾ ਬ੍ਰਾਂਚ ਦੀ ਇੱਕ ਵੱਡੀ ਨਹਿਰ ਲੰਘਦੀ ਹੈ ਜਿਸ ਦੇ ਨਾਲ ਹੀ ਚਾਰ ਰਜਵਾਹੇ ਲੰਘਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਖੇਤੀ ਸਿੰਚਾਈ ਲਈ ਵਰਤੇ ਜਾਣ ਵਾਲੇ ਪਾਣੀ ਨੂੰ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਲਈ ਅੰਡਰ ਗਰਾਊਂਡ ਪਾਇਪ ਪਾਉਣ ਲਈ ਸਰਕਾਰ ਦੀ ਕੋਈ ਤਜਵੀਜ ਹੈ;

ਅ) ਕੀ ਹਲਕਾ ਧੂਰੀ ਵਿਖੇ ਬੰਦ ਪਏ ਨਹਿਰੀ ਖਾਲਾਂ ਦੀ ਮੁਰੰਮਤ ਕਰਵਾ ਕੇ ਮੁੜ ਵਰਤੋਂ ਵਿੱਚ ਲਿਆਉਣ ਦੀ ਕੋਈ ਤਜਵੀਜ਼ ਹੈ?

**ਆਸ਼ਾ ਵਰਕਰਾਂ ਨੂੰ ਫਿਕਸ ਮਿਹਨਤਾਨਾ ਦੇਣਾ**

*2386. 1. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.)
2. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.):- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਹਤ ਵਿਭਾਗ ਵਿਚ ਇਨਸੈਂਟਿਵ ਆਧਾਰ ਤੇ ਕੰਮ ਕਰਦੀਆਂ ਆਸ਼ਾ ਵਰਕਰਾਂ ਨੂੰ ਫਿਕਸ ਮਿਹਨਤਾਨਾ ਦੇਣ ਅਤੇ ਇੰਨ੍ਹਾ ਨੂੰ ਪੱਕਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ.ਪ. ਸਕੂਲ ਪਿੰਡ ਗੰਗਾ ਅਬੂਲ ਕੀ, ਬਲਾਕ ਗੋਨਿਆਣਾ ਦੀ ਬਿਲਡਿੰਗ ਦੀ ਮੁਰੰਮਤ**

*2662. ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.: – ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ,ਪਿੰਡ ਗੰਗਾ ਅਬਲੂ ਕੀ,ਬਲਾਕ ਗੋਨਿਆਣਾ, ਜ਼ਿਲ੍ਹਾ ਬਠਿੰਡਾ ਦੀ ਬਿਲਡਿੰਗ ਦੀ ਹਾਲਤ ਖਸਤਾ ਹੈ ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਸ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਦੀ ਮੁਰੰਮਤ ਜਾਂ ਇਸ ਦੀ ਥਾਂ ਤੇ ਨਵੀਂ ਬਿਲਡਿੰਗ ਬਣਾਉਣ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ;ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸੜਕਾਂ ਪੱਕੀਆਂ ਕਰਨਾ**

*2426. ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ, ਐਮ.ਐਲ.ਏ.: – ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਰਾਜੋਆਣਾ ਖੁਰਦ ਤੋਂ ਬੁਰਜਹਰੀ ਸਿੰਘ, ਹਲਵਾਰਾ ਤੋਂ ਬੁਰਜਲਿੱਟਾਂ, ਟੂਸੇ ਤੋਂ ਸਰਾਭਾ ਅਤੇ ਰੱਤੋਵਾਲ ਤੋਂ ਸਰਾਭਾ ਪਿੰਡਾਂ ਦਰਮਿਆਨ ਕੋਈ ਪੱਕੀ ਸੜਕ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਪਿੰਡਾਂ ਦਰਮਿਆਨ ਪੱਕੀ ਸੜਕ ਕਦੋਂ ਤੱਕ ਬਣਾ ਦਿੱਤੀ ਜਾਵੇਗੀ

**ਸ਼ਹਿਰਾਂ ਵਿਚ ਮਕਾਨ ਬਣਾਉਣ ਲਈ ਪਲਿੰਥ ਲੈਵਲ ਨਿਰਧਾਰਤ ਕਰਨਾ**

*2402. ਸਰਦਾਰ ਨਾਜਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸ਼ਹਿਰਾਂ ਵਿਚ ਮਕਾਨ ਬਨਾਉਣ ਲਈ ਕੋਈ ਪਲਿੰਥ ਲੈਵਲ ਨਿਰਧਾਰਿਤ ਕੀਤਾ ਹੋਇਆ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਸ਼ਹਿਰਾਂ ਵਿਚ ਮਕਾਨ ਬਨਾਉਣ ਸਮੇਂ ਹਰ ਵਿਅਕਤੀ ਵਲੋਂ ਮਕਾਨ ਦਾ ਪਲਿੰਥ ਲੈਵਲ ਅਲੱਗ-ਅਲੱਗ ਕਿਉਂ ਰੱਖਿਆ ਹੋਇਆ ਹੈ ਅਤੇ ਨਿਰਧਾਰਤ ਪਲਿੰਥ ਲੈਵਲ ਅਨੁਸਾਰ ਮਕਾਨ ਨਾ ਬਨਾਉਣ ਵਾਲਿਆਂ ਵਿਰੁੱਧ ਵਿਭਾਗ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ?

**ਸਾਲ 2019-20 ਦੌਰਾਨ ਖਿਡਾਰੀਆਂ ਨੂੰ ਦਿੱਤੀਆਂ ਗਈਆਂ ਸਹੂਲਤਾਂ**

*2412. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.: – ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਖੇਡ ਵਿਭਾਗ ਵੱਲੋਂ ਸਾਲ 2019-20 ਦੇ ਸੈਸ਼ਨ ਦੌਰਾਨ ਖੇਡ ਵਿੰਗਾਂ ਵਿੱਚ ਕੁੱਲ ਕਿੰਨੇ ਖਿਡਾਰੀਆਂ ਨੂੰ ਕਿਸ ਮਿਤੀ ਤੋਂ ਸ਼ਾਮਿਲ ਕੀਤਾ ਗਿਆ, ਵਿੰਗਾਂ ਵਿੱਚ ਸ਼ਾਮਿਲ ਖਿਡਾਰੀਆਂ ਨੂੰ ਕੀ-ਕੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਖੇਡਾਂ ਦਾ ਕੀ-ਕੀ ਸਮਾਨ ਦਿੱਤਾ ਜਾਂਦਾ ਹੈ; ਵਿਸਥਾਰ ਸਹਿਤ ਦੱਸਿਆ ਜਾਵੇ?

ਪਰਤੋਂ ਜੀ...

**ਪੰਜਾਬੀ ਗਾਣਿਆਂ ਵਿਚ ਨਸ਼ਿਆਂ, ਹਥਿਆਰਾਂ ਦੀ ਵਡਿਆਈ ਅਤੇ ਲੱਚਰਪੁਣੇ ਤੇ ਰੋਕ ਲਾਉਣਾ**

*2725. 1. ਸਰਦਾਰ ਸੰਗਤ ਸਿੰਘ ਗਿਲਜੀਆਂ, ਐਮ.ਐਲ.ਏ.)
2. ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ):- ਕੀ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬੀ ਗਾਣਿਆ ਵਿੱਚ ਨਸ਼ਿਆਂ, ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਆਦਿ ਦੀ ਵਡਿਆਈ ਅਤੇ ਲੱਚਰਪੁਣੇ ਤੇ ਰੋਕ ਲਾਉਣ ਲਈ ਪੰਜਾਬ ਮਿਊਜ਼ਿਕ ਸੈਂਸਰ ਬੋਰਡ ਦੇ ਗਠਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਜ਼ਮੀਨੀ ਪਾਣੀ ਬਚਾਉਣਾ**

*2778. ਸਰਦਾਰ ਕੁਲਦੀਪ ਸਿੰਘ ਵੈਦ, ਐਮ.ਐਲ.ਏ.: - ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ;

ਅ) ਪਾਣੀ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਪੰਜਾਬ ਦੇ ਕੁੱਝ ਇਲਾਕਿਆਂ ਵਿਚ ਫਸਲਾਂ ਤੇ ਟਿੱਡੀ ਦਲ ਵੱਲੋਂ ਕੀਤੇ ਨੁਕਸਾਨ ਦਾ ਵੇਰਵਾ**

*2359. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿਛਲੇ ਦਿਨਾਂ ਵਿੱਚ ਪੰਜਾਬ ਦੇ ਕੁੱਝ ਇਲਾਕਿਆਂ ਵਿੱਚ ਟਿੱਡੀ ਦਲ ਵਲੋਂ ਫਸਲਾਂ ਤੇ ਹਮਲਾ ਕੀਤਾ ਗਿਆ ਸੀ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿਰਪਾ ਕਰਕੇ ਦੱਸਿਆ ਜਾਵੇ ਕਿ ਕਿਹੜੇ ਕਿਹੜੇ ਜਿਲ੍ਹੇ ਟਿੱਡੀ ਦਲ ਨਾਲ ਪ੍ਰਭਾਵਿਤ ਹੋਏ ਹਨ ਅਤੇ ਫਸਲਾਂ ਦਾ ਕਿੰਨਾਂ ਨੁਕਸਾਨ ਹੋਇਆ ਹੈ;

ੲ) ਪੰਜਾਬ ਸਰਕਾਰ ਫਸਲਾਂ ਦੇ ਹੋਏ ਨੁਕਸਾਨ ਦੀ ਪੂਰਤੀ ਲਈ ਕੀ ਕਦਮ ਚੁੱਕ ਰਹੀ ਹੈ?

**ਰਾਜਪੁਰਾ ਸ਼ਹਿਰ ਜੀ.ਟੀ.ਰੋਡ ਉੱਤੇ ਟਰੌਮਾ ਸੈਂਟਰ ਬਣਾਉਣਾ**

*2547. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜਪੁਰਾ ਸ਼ਹਿਰ ਜੀ.ਟੀ.ਰੋਡ ਉਤੇ ਟਰੌਮਾ ਸੈਂਟਰ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਟਰੌਮਾ ਸੈਂਟਰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਪਟਿਆਲਾ ਤੋਂ ਕੁਰੂਕਸ਼ੇਤਰ ਵਾਇਆ ਪਿਹੋਵਾ ਜਾਂਦੀ ਸੜਕ ਦੀ ਸਥਿਤੀ**

*2648. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਟਿਆਲਾ ਤੋਂ ਕੁਰੂਕਸ਼ੇਤਰ ਵਾਇਆ ਪਿਹੋਵਾ ਜਾਂਦੀ ਸੜਕ ਨੂੰ ਸਰਕਾਰ ਵੱਲੋਂ ਨੈਸ਼ਨਲ ਹਾਈਵੇ ਘੋਸ਼ਿਤ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨੇ ਇਸ ਸੜਕ ਦਾ ਕੰਮ ਨੈਸ਼ਨਲ ਹਾਈਵੇ ਦੇ ਨਾਰਮਸ ਮੁਤਾਬਿਕ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਸੜਕ ਦੀ ਮੌਜੂਦਾ ਸਥਿਤੀ ਕੀ ਹੈ?

**ਰਾਜ ਵਿਚ ਤਿਆਰ ਕੀਤੇ ਜਾ ਰਹੇ ਨਕਲੀ ਦੁੱਧ ਸਬੰਧੀ ਕਰਵਾਈ ਕਰਨਾ**

*2577. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਵੱਡੀ ਮਾਤਰਾ ਵਿੱਚ ਨਕਲੀ ਦੁੱਧ ਬਣਾਇਆ/ਤਿਆਰ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਇਸ ਮਾਮਲੇ ਵਿੱਚ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੀ ਜਾਣੀ ਹੈ?

**ਬੱਲੂਆਣਾ ਹਲਕੇ ਦੇ ਸਕੂਲਾਂ ਨੂੰ ਅੱਪਗ੍ਰੇਡ ਕਰਨਾ**

*2483. ਸ਼੍ਰੀ ਨੱਥੂ ਰਾਮ, ਐਮ.ਐਲ.ਏ.: - ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇੜਲੇ ਭਵਿੱਖ ਵਿੱਚ ਬੱਲੂਆਣਾ ਵਿਧਾਨ ਸਭਾ ਹਲਕੇ ਦੇ ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਅਤੇ ਹਾਈ ਸਕੂਲਾਂ ਨੂੰ ਹਾਇਰ ਸਕੈਂਡਰੀ ਸਕੂਲਾਂ ਵਿੱਚ ਅਪਗ੍ਰੇਡ ਕਰਨ ਦੀ ਤਜਵੀਜ਼ ਰਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਸਕੂਲਾਂ ਦੇ ਵੇਰਵੇ ਕੀ ਹਨ?

**ਅਬੋਹਰ ਸ਼ਹਿਰ ਦੇ ਅਮਰੁਤ ਸਿਟੀ ਪ੍ਰੋਜੈਕਟ ਦੇ ਸੀਵਰੇਜ਼ ਦਾ ਕੰਮ**

*2698. ਸ਼੍ਰੀ. ਅਰੁਣ ਨਾਰੰਗ, ਐਮ.ਐਲ.ਏ.: - ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਅਬੋਹਰ ਸ਼ਹਿਰ ਵਿੱਚ ਅਮਰੁਤ ਸਿਟੀ ਪ੍ਰੋਜੈਕਟ ਤਹਿਤ ਸੀਵਰੇਜ਼ ਦਾ ਕੰਮ ਕਿਸ ਮਿਤੀ ਤੱਕ ਮੁਕੰਮਲ ਹੋਣਾ ਸੀ ਅਤੇ ਕੀ ਹੁਣ ਇਸ ਕੰਮ ਨੂੰ ਮੁਕੰਮਲ ਕਰਨ ਦੀ ਮਿਆਦ ਵਧਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਸੀਵਰੇਜ਼ ਦੇ ਕੰਮ ਨੂੰ ਕਦੋਂ ਤੱਕ ਮੁਕੰਮਲ ਕਰਕੇ ਚਾਲੂ ਕਰ ਦਿੱਤਾ ਜਾਵੇਗਾ?

**ਕਸਟੋਡੀਅਨ ਜਮੀਨਾਂ ਦੀ ਰਜਿਸਟ੍ਰੇਸ਼ਨ**

*2735. ਸਰਦਾਰ ਫਤਿਹਜੰਗ ਸਿੰਘ ਬਾਜਵਾ, ਐਮ.ਐਲ.ਏ.:- ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ 2007 ਤੋਂ ਬਾਅਦ ਵਿੱਚ ਹੋਈਆਂ ਕਸਟੋਡੀਅਨ ਜਮੀਨਾਂ ਦੀਆਂ ਰਜਿਸਟ੍ਰੇਸ਼ਨ ਡੀਡਜ ਨੂੰ ਬਾਅਦ ਵਿਚ ਕੈਂਸਲ ਕਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ;

ਅ) ਕੀ ਸਰਕਾਰ ਉਪਰੋਕਤ ਰਜਿਸਟ੍ਰੇਸ਼ਨ ਡੀਡਜ਼ ਕੈਂਸਲ ਕਰਨ ਦੇ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਕੇ ਉਕਤ ਫੈਸਲੇ ਨੂੰ ਕੈਂਸਲ ਕਰਨ ਲਈ ਵਿਚਾਰ ਕਰੇਗੀ?

**ਨਵੇਂ ਕਮਿਊਨਿਟੀ ਸਿਹਤ ਕੇਂਦਰ ਨੂੰ ਚਾਲੂ ਕਰਨਾ**

*2760. ਸ਼੍ਰੀ ਸੰਜੀਵ ਤਲਵਾੜ, ਐਮ.ਐਲ.ਏ.:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਪੂਰਬੀ, ਲੁਧਿਆਣਾ ਵਿੱਚ ਸਾਲ 2015 ਵਿੱਚ ਬਣੇ ਨਵੇਂ ਕਮਿਊਨਿਟੀ ਸਿਹਤ ਕੇਂਦਰ ਸੁਭਾਸ਼ ਨਗਰ ਦੀ ਬਿਲਡਿੰਗ ਦਾ ਕੰਮ ਪੂਰਾ ਹੋਣ ਤੋਂ ਬਾਅਦ ਇਹ ਬਿਲਡਿੰਗ ਖਾਲੀ ਪਈ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਕਮਿਊਨਿਟੀ ਸਿਹਤ ਕੇਂਦਰ ਵਿਚ ਸਿਹਤ ਸੇਵਾਂਵਾ ਕਦੋਂ ਤੱਕ ਸ਼ੁਰੂ ਕਰ ਦਿੱਤੀਆਂ ਜਾਣਗੀਆਂ?

**ਰੋਡ ਚਹੁੰ ਮਾਰਗੀ ਬਣਾਉਣਾ**

*2739. ਸਰਦਾਰ ਰਾਜਿੰਦਰ ਸਿੰਘ, ਐਮ.ਐਲ.ਏ.:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸਮਾਣਾ ਸ਼ਹਿਰ ਵਿਚੋਂ ਲੰਘਦੇ ਪਟਿਆਲਾ-ਸਮਾਣਾ-ਪਾਤੜਾਂ ਰਾਜ ਮਾਰਗ ਨੰ: 10 ਤੇ ਪਿੰਡ ਫਤਿਹਪੁਰ ਤੋਂ ਰੇਤਗੜ੍ਹ ਦੇ ਅੰਦਾਜ਼ਨ 10 ਕਿਲੋਮੀਟਰ ਦੇ ਟੁਕੜੇ ਨੂੰ ਉਕਤ ਰੋਡ ਤੇ ਵਾਪਰਦੀਆਂ ਲਗਾਤਾਰ ਦੁਰਘਟਨਾਵਾਂ ਦੇ ਮੱਦੇ-ਨਜਰ ਪਹਿਲ ਦੇ ਆਧਾਰ ਤੇ ਚਹੁੰ-ਮਾਰਗੀ ਬਣਾਉਣ ਤੇ ਵਿਚਾਰ ਕਰਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ ਅਤੇ ਉਕਤ ਰੋਡ ਨੂੰ ਕਦੋਂ ਤੱਕ ਬਣਾਉਣ ਦੀ ਸੰਭਾਵਨਾ ਹੈ?

ਚੰਡੀਗੜ੍ਹ
ਮਿਤੀ 25 ਫਰਵਰੀ, 2020

26/2/2020
ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।